# ਸਰਕਾਰ ਮੁਲਾਜ਼ਮ ਮੰਗਾਂ ਸਬੰਧੀ ਲੋਕਾਂ ਨੂੰ ਗੁਮਰਾਹ ਕਰਨਾ ਬੰਦ ਕਰੇ: ਡੀ ਐੱਮ ਐੱਫ

**ਸਰਕਾਰ ਨੂੰ ਮੀਡੀਆ ਸਾਹਮਣੇ ਖੁੱਲ੍ਹੀ ਬਹਿਸ ਦੀ ਚੁਣੌਤੀ**

**ਚੰਡੀਗੜ੍ਹ (ਪੱਤਰ ਪ੍ਰੇਰਕ):** ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਦੀਆਂ ਮੰਗਾਂ ਸਬੰਧੀ ਚੱਲ ਰਹੇ ਸੰਘਰਸ਼ ਦੌਰਾਨ ਪੰਜਾਬ ਸਰਕਾਰ ਦੁਆਰਾ ਸਾਂਝੀ ਤਾਲਮੇਲ ਕਮੇਟੀ ਨਾਲ ਮੀਟਿੰਗ ਕਰਨ ਦੀ ਬਜਾਇ ਪ੍ਰੈੱਸ ਕਾਨਫਰੰਸਾਂ, ਇਸ਼ਤਿਹਾਰਾਂ ਅਤੇ ਭਾਸ਼ਣਾਂ ਰਾਹੀਂ ਕੀਤੇ ਜਾ ਰਹੇ ਇੱਕਪਾਸੜ ਅਤੇ ਗੁਮਰਾਹਕੁਨ ਪ੍ਰਚਾਰ ਦਾ ਗੰਭੀਰ ਨੋਟਿਸ ਲੈਂਦਿਆਂ ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ ਨੇ ਇਸ ਦੀ ਸਖ਼ਤ ਨਿੰਦਾ ਕੀਤੀ ਅਤੇ ਸਰਕਾਰ ਨੂੰ ਮੀਡੀਆ ਸਾਹਮਣੇ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ। ਬਿਆਨ ਜਾਰੀ ਕਰਦਿਆਂ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਅਤੇ ਜਨਰਲ ਸਕੱਤਰ ਹਰਦੀਪ ਟੋਡਰਪੁਰ ਨੇ ਆਖਿਆ ਕਿ ਪੰਜਾਬ ਸਰਕਾਰ ਦੁਆਰਾ ਕੇਵਲ ਕੁਝ ਕੈਟਾਗਰੀਆਂ ਦੇ ਮੁਲਾਜ਼ਮਾਂ ਦੇ ਤਨਖਾਹ ਸਕੇਲਾਂ ਸਬੰਧੀ ਅੱਧੀ ਅਧੂਰੀ ਤੁਲਨਾ ਰਾਹੀਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਵੇਂ ਪੰਜਾਬ ਦਾ ਸਮੁੱਚਾ ਖਜ਼ਾਨਾ ਮੁਲਾਜ਼ਮਾਂ ਉੱਤੇ ਹੀ ਲੁਟਾਇਆ ਜਾ ਰਿਹਾ ਹੈ। ਸੂਬਾ ਸਰਕਾਰ ਮੁਲਾਜ਼ਮਾਂ ਦੀਆਂ ਤਨਖਾਹਾਂ ਸਬੰਧੀ ਤਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੀ ਹੈ ਪਰ ਸਾਂਝੀ ਤਾਲਮੇਲ ਕਮੇਟੀ ਦੀਆਂ ਹੋਰ ਮੰਗਾਂ ਸਬੰਧੀ ਚੁੱਪ ਵੱਟੀ ਬੈਠੀ ਹੈ। ਉਨ੍ਹਾਂ ਕਿਹਾ, "ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ ਮੰਗ ਕਰਦੀ ਹੈ ਕਿ ਜੇ ਸਰਕਾਰ ਨੂੰ ਲੱਗਦਾ ਹੈ ਕਿ ਮੁਲਾਜ਼ਮ ਵੱਧ ਤਨਖਾਹ ਲੈ ਰਹੇ ਹਨ ਤਾਂ ਅਸੀਂ ਮੀਡੀਆ ਸਾਹਮਣੇ ਸਰਕਾਰ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੰਦੇ ਹਾਂ। ਇਸ ਬਹਿਸ ਦਾ ਸਮਾਂ ਤੇ ਸਥਾਨ ਸੂਬਾ ਸਰਕਾਰ ਖ਼ੁਦ ਤੈਅ ਕਰ ਸਕਦੀ ਹੈ ਜਾਂ ਸਾਂਝੀ ਤਾਲਮੇਲ ਕਮੇਟੀ ਵੱਲੋਂ 30 ਸਤੰਬਰ ਨੂੰ ਚੰਡੀਗੜ੍ਹ ਵਿਖੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਬੁਲਾਏ ਵਿਸ਼ੇਸ਼ ਸੈਸ਼ਨ ਵਿੱਚ ਸ਼ਾਮਲ ਹੋ ਕੇ ਆਪਣਾ ਪੱਖ ਪੇਸ਼ ਕਰ ਸਕਦੀ ਹੈ।"


**PSPCL Punjab State Power Corporation Limited**

(Regd. Office: PSEB head office, The Mall Patiala 147001)
Corporate Identity Number U40109PP20SGC033813

**ਟੈਂਡਰ ਇੰਨਕੁਆਰੀ ਨੰ. 03/Sr.Xen/DS/MI.T 2026-2027**

ਦਫਤਰ ਵੰਡ ਉਪ-ਮੰਡਲ ਅਰਧ ਸ਼ਹਿਰੀ ਪੀ.ਐਸ.ਪੀ.ਸੀ.ਐਲ. ਮਲੋਟ (ਦਿਹਾਤੀ ਏਰੀਆ ਦਫਤਰ) ਅਧੀਨ ਵੰਡ ਮੰਡਲ, ਪੀ.ਐਸ.ਪੀ.ਸੀ.ਐਲ., ਮਲੋਟ ਲਈ ਇੱਕ ਨੰਬਰ ਗੱਡੀ (ਮਹਿੰਦਰਾ ਜੀਨੀਅਸ/ਬੋਲੈਰੋ/ਟਾਟਾ-207/408 ਜਾਂ ਇਸ ਦੇ ਬਰਾਬਰ ਕੀਮਤ ਦੀ) (ਡਬਲ ਡੋਰ) ਇਕ ਸਾਲ ਲਈ ਕਿਰਾਏ 'ਤੇ ਲੈਣ ਸਬੰਧੀ (ਗੱਡੀ 05 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ)

| | |
|---|---|
| **ਟੈਂਡਰ ਵੇਚਣ ਦੀ ਆਖਰੀ ਮਿਤੀ:** | 17.09.2026, ਸਮਾਂ 11.00 AM ਤੱਕ |
| **ਟੈਂਡਰ ਜਮ੍ਹਾਂ ਕਰਵਾਉਣ ਦੀ ਮਿਤੀ:** | 17.09.2026, ਸਮਾਂ 12.00 PM ਤੱਕ |
| **ਟੈਂਡਰ ਖੋਲ੍ਹਣ ਦੀ ਮਿਤੀ:** | 17.09.2026, ਸਮਾਂ 02.00 PM |
| **ਟੈਂਡਰ ਦੀ ਕੀਮਤ:** | 1180/- ਰੁ. |

**ਨੋਟ:** ਟੈਂਡਰ ਦੀਆਂ ਸਪੈਸੀਫਿਕੇਸ਼ਨਾਂ ਅਤੇ ਸ਼ਰਤਾਂ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ (www.pspcl.in) ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਜੇਕਰ ਕੋਈ ਕੋਰੀਜੰਡਮ ਹੋਇਆ ਤਾਂ ਉਹ ਅਖ਼ਬਾਰ ਵਿਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਅਪਡੇਟ ਲਈ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ 'ਤੇ ਲਗਾਤਾਰ ਦੇਖਿਆ ਜਾਵੇ। C854/26 DPR/Pb/1079/12/2026-27/14856



## ਅਸਾਮੀ ਸੂਚਨਾ

**ਦਫਤਰ ਮੁਖੀ, ਵਾਟਰ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ, ਪੰਜਾਬ**
ਵਾਟਰ ਵਰਕਸ ਕੰਪਲੈਕਸ, ਫੇਜ਼-2, ਐਸ.ਏ.ਐਸ. ਨਗਰ
ਫੋਨ ਨੰ. 0172-2270101, 3575689
ਭਰਤੀ ਸੂਚਨਾ ਹਵਾਲਾ ਨੰ. Admin/DWSS/2026/9
ਹੇਠਾਂ ਲਿਖੀ ਅਸਾਮੀ ਲਈ ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ:-

| ਲੜੀ ਨੰ. | ਅਸਾਮੀ ਦਾ ਨਾਂ | ਖਾਲੀ ਅਸਾਮੀਆਂ ਦੀ ਗਿਣਤੀ | ਪ੍ਰਤੀ ਮਹੀਨਾ ਤਨਖਾਹ (ਰੁ. ਵਿਚ) |
|---|---|---|---|
| 1 | ਟ੍ਰੇਨਿੰਗ ਮੈਨੇਜਰ (ਨਿਰੋਲ ਠੇਕਾ ਆਧਾਰ 'ਤੇ) | 1 | 1,05,000/- ਰੁਪਏ ਤੋਂ 1,00,000/- ਰੁਪਏ ਪ੍ਰਤੀ ਮਹੀਨਾ ਫਿਕਸਡ (ਯੋਗਤਾ ਅਤੇ ਤਜਰਬੇ ਦੇ ਆਧਾਰ 'ਤੇ ਤੈਅ ਕੀਤੀ ਜਾ ਸਕਦੀ ਹੈ) |

**ਅੰਤਿਮ ਮਿਤੀ ਅਤੇ ਸਮਾਂ:- 21.09.2026, ਸ਼ਾਮ 05.00 ਵਜੇ ਤੱਕ**
**ਵੇਰਵਿਆਂ ਲਈ ਲਾਗਇਨ ਕਰੋ:** https://dwss.punjab.gov.in/
**ਟਿੱਪਣੀ:-** (1) ਇਸ ਭਰਤੀ ਸੂਚਨਾ ਸਬੰਧੀ ਕੋਈ ਵੀ ਸੋਧ (Corrigendum) ਸਿਰਫ ਉਪਰੋਕਤ ਵੈੱਬਸਾਈਟ 'ਤੇ ਹੀ ਪ੍ਰਕਾਸ਼ਿਤ ਕੀਤੀ ਜਾਵੇਗੀ।
(2) ਆਨਲਾਈਨ ਬਿਨੈ-ਪੱਤਰ ਤੋਂ ਇਲਾਵਾ ਕਿਸੇ ਹੋਰ ਢੰਗ ਰਾਹੀਂ ਪ੍ਰਾਪਤ ਬਿਨੈ-ਪੱਤਰਾਂ 'ਤੇ ਵਿਚਕਾਰ ਨਹੀਂ ਕੀਤਾ ਜਾਵੇਗਾ।
DPR/Pb/1040/12/2026-27/14862 **ਮੁਖੀ, ਜਸਸ ਵਿਭਾਗ**



**pstcl** PUNJAB STATE TRANSMISSION CORPORATION LIMITED
**PUNJAB STATE TRANSMISSION CORPORATION LIMITED**
(ਰਜਿਸਟਰਡ ਦਫਤਰ: ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ, ਪਟਿਆਲਾ-147001)
ਕਾਰਪੋਰੇਟ ਆਈਡੀ: U40109PB2010SGC033814, www.pstcl.org
(ਦਫ਼ਤਰ: ਉਪ ਮੁੱਖ ਇੰਜੀਨੀਅਰ/ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਅੰਮ੍ਰਿਤਸਰ)
ਟੈਲੀਫੋਨ ਨੰਬਰ: 96461-18206, ਈ-ਮੇਲ: se-gridcon-ldh@pstcl.org

## ਜਨਤਕ ਸੂਚਨਾ

ਸ੍ਰੀ ਹਰਜੀਤ ਸਿੰਘ ਏ.ਈ. (ਆਈ.ਡੀ. 501200) ਪੁੱਤਰ ਸ੍ਰੀ ਹਰਭਜਨ ਸਿੰਘ (ਜਨਮ ਮਿਤੀ 03.04.1988) ਉਪ ਮੁੱਖ ਇੰਜੀਨੀਅਰ ਪੀ ਤੇ ਐਮ, ਹਲਕਾ ਪੀ.ਐਸ.ਟੀ.ਸੀ.ਐਲ., ਲੁਧਿਆਣਾ ਦੇ ਦਫ਼ਤਰ ਵਿਖੇ ਕੰਮ ਕਰ ਰਿਹਾ ਸੀ। ਸ੍ਰੀ ਹਰਜੀਤ ਸਿੰਘ ਏ.ਈ. ਮਿਤੀ 04.03.2025 ਤੋਂ ਗ਼ੈਰ-ਹਾਜ਼ਰ ਚੱਲ ਰਿਹਾ ਹੈ। ਉਸ ਦੀ ਨਿਰੰਤਰ ਗ਼ੈਰ-ਹਾਜ਼ਰੀ ਕਾਰਨ ਉਪ ਮੁੱਖ ਇੰਜੀਨੀਅਰ/ਐਚ.ਆਰ ਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ. ਪਟਿਆਲਾ ਜੀ ਵੱਲੋਂ ਉਸ ਨੂੰ ਚਾਰਜਸ਼ੀਟ ਨੰਬਰ 243 ਮਿਤੀ 04.09.2025 ਨੂੰ ਜਾਰੀ ਕੀਤੀ ਗਈ। ਮਾਣਯੋਗ ਨਿਰਦੇਸ਼ਕ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ., ਪਟਿਆਲਾ ਦੇ ਦਫ਼ਤਰ ਦੇ ਦਫ਼ਤਰੀ ਹੁਕਮ ਨੰਬਰ 40 ਮਿਤੀ 04.02.2026 ਰਾਹੀਂ ਨਿਮਨਹਸਤਾਖਰ ਨੂੰ ਪੜਤਾਲ ਅਧਿਕਾਰੀ ਨਿਯੁਕਤ ਕੀਤਾ ਗਿਆ। ਨਿਮਨਹਸਤਾਖਰ ਵੱਲੋਂ ਕੇਸ ਦੀ ਜਾਂਚ-ਪੜਤਾਲ ਕਰਨ ਹਿੱਤ ਉਸ ਦਾ ਪੱਖ ਜਾਣਨ ਲਈ ਸ੍ਰੀ ਹਰਜੀਤ ਸਿੰਘ ਏ.ਈ. ਪੁੱਤਰ ਸ੍ਰੀ ਹਰਭਜਨ ਸਿੰਘ ਦੇ ਪਤੇ 'ਤੇ ਰਜਿਸਟਰਡ ਪੱਤਰ ਭੇਜੇ ਗਏ (ਇੰਜੀ. ਹਰਜੀਤ ਸਿੰਘ ਕੋਡ: 501200 ਸਹਾਇਕ ਕਾਰਜਕਾਰੀ ਇੰਜੀਨੀਅਰ, ਪਿੰਡ ਅਤੇ ਡਾਕਖਾਨਾ ਕਾਲੇਕੇ ਜ਼ਿਲ੍ਹਾ ਮੋਗਾ, 142038, ਜਿਨ੍ਹਾਂ ਵਿਚੋਂ ਤਿੰਨ ਪੱਤਰ ਬਿਨ੍ਹਾਂ ਡਲਿਵਰ ਹੋਏ ਵਾਪਸ ਆ ਗਏ ਅਤੇ ਆਖਰੀ ਇਕ ਨੰਬਰ ਪੱਤਰ ਉਕਤ ਪਤੇ ਉਪਰ ਡਲਿਵਰ ਹੋ ਗਿਆ, ਪ੍ਰੰਤੂ ਸ੍ਰੀ ਹਰਜੀਤ ਸਿੰਘ ਏ.ਈ (ਆਈਡੀ 501200) ਨਿਮਨਹਸਤਾਖਰ ਦੇ ਚੈਂਬਰ ਵਿਖੇ ਹਾਜ਼ਰ ਨਹੀਂ ਹੋਇਆ।

ਇਸ ਜਨਤਕ ਨੋਟਿਸ ਰਾਹੀਂ ਸ੍ਰੀ ਹਰਜੀਤ ਸਿੰਘ ਏ.ਈ. ਆਈ.ਡੀ.: 501200 ਪੁੱਤਰ ਸ੍ਰੀ ਹਰਭਜਨ ਸਿੰਘ ਨੂੰ ਇਸ ਨੋਟਿਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 07 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਚੈਂਬਰ ਵਿਖੇ ਪੇਸ਼ ਹੋਣ ਦਾ ਇਕ ਹੋਰ ਆਖਰੀ ਮੌਕਾ ਦਿੱਤਾ ਗਿਆ ਹੈ। ਜੇਕਰ ਉਹ ਨਿਰਧਾਰਤ ਸਮੇਂ ਦੇ ਅੰਦਰ ਪੇਸ਼ ਨਾ ਹੋਇਆ ਤਾਂ ਵਿਭਾਗ/ਕਾਰਪੋਰੇਸ਼ਨ ਦੇ ਨਿਯਮਾਂ ਅਨੁਸਾਰ ਇਕਤਰਫਾ ਫ਼ੈਸਲਾ ਲੈਂਦੇ ਹੋਏ ਉਸ ਦੇ ਵਿਰੁੱਧ (ਸ੍ਰੀ ਹਰਜੀਤ ਸਿੰਘ) ਕਾਰਵਾਈ ਕੀਤੀ ਜਾਵੇਗੀ।

**ਸਹੀ/- ਉਪ ਮੁੱਖ ਇੰਜੀਨੀਅਰ,**
**ਗਰਿੱਡ ਉਸਾਰੀ ਹਲਕਾ,**
**ਪੀ.ਐਸ.ਟੀ.ਸੀ.ਐਲ., ਲੁਧਿਆਣਾ।**
**(ਹੁਣ: ਉਪ ਮੁੱਖ ਇੰਜੀਨੀਅਰ/ਪੀ ਤੇ ਐਮ ਹਲਕਾ,**
**ਪੀ.ਐਸ.ਟੀ.ਸੀ.ਐਲ., ਅੰਮ੍ਰਿਤਸਰ।** DPR/Pb/1078/12/2026-27/14854



**ESAF**
**ESAF SMALL FINANCE BANK**
REGD. OFFICE: ESAF Bhavan, Mannuthy, Thrissur- 680 651, Kerala

## GOLD AUCTION NOTICE

Notice is hereby given to the public that gold ornaments pledged with ESAF Small Finance Bank Ltd. against various loan accounts and remaining overdue/ unredeemed despite repeated notices will be auctioned for recovery of the Bank's dues, in accordance with applicable banking regulations and policies.

**DETAILS OF AUCTION**

**Mode of Auction:** Off-line (Physical Auction through Branches)
**Date of Auction:** 29-09-2026 **Time:** 11:00 AM to 01:00 PM
**Auction Venues:** The auction will be conducted at the following ESAF Small Finance Bank branches in **Punjab**
Interested bidders are requested to visit the respective branches for participation. For detailed branch addresses and contact numbers, please visit the Bank's official website

**BRANCH NAME - LOAN ACCOUNT NUMBER**
**Mohali**: 63260000375753, 75260000511881, 0536574.

**Important Instructions:** Borrowers may redeem their pledged gold ornaments by clearing the total dues along with applicable charges at least two days prior to the auction date. Interested bidders must carry valid KYC documents. GST Registration Number is mandatory for firms/companies, wherever applicable. Bidders are required to deposit an Earnest Money Deposit (EMD) of Rs.2,500 before participating in the auction. The auction will be conducted on an "as is where is" and "as is what is" basis. The Bank reserves the right to cancel/postpone the auction or reject any bid without assigning any reason. Participation in the auction shall be deemed acceptance of all terms and conditions of the Bank. The Minimum Reserve Price will be fixed by bank on the basis of IBJA Rate as applicable on the basis of purity of Gold.

Place: **Thrissur** (Sd/-) Authorized Signatory
Date: **03-09-2026** **ESAF Small Finance Bank Ltd.**



# ਨਵੋਦਿਆ ਵਿਦਿਆਲਿਆ ਸਮਿਤੀ

**ਪੀ.ਐਮ. ਸ੍ਰੀ ਜਵਾਹਰ ਨਵੋਦਿਆ ਸਕੂਲ, ਸੰਧੂਆ, ਜ਼ਿਲ੍ਹਾ ਰੋਪੜ**
**ਸਿੱਖਿਆ ਮੰਤਰਾਲੇ ਅਧੀਨ ਇਕ ਖ਼ੁਦਮੁਖ਼ਤਿਆਰ ਸੰਸਥਾ**

**ਜਮਾਤਾਂ 9ਵੀਂ ਅਤੇ 11ਵੀਂ ਲਈ LEST-2027 ਤਹਿਤ ਦਾਖ਼ਲਾ ਅਰਜ਼ੀਆਂ ਜਮ੍ਹਾਂ ਕਰਵਾਉਣ ਵਾਸਤੇ ਆਨਲਾਈਨ ਪੋਰਟਲ ਸ਼ੁਰੂ ਕਰਨ ਸਬੰਧੀ ਸੂਚਨਾ**

ਸੈਸ਼ਨ (2027-28) ਲਈ ਜਮਾਤਾਂ 9ਵੀਂ ਅਤੇ 11ਵੀਂ ਵਿਚ ਦਾਖ਼ਲੇ ਵਾਸਤੇ 'ਲੈਟਰਲ ਐਂਟਰੀ ਸਿਲੈਕਸ਼ਨ ਟੈਸਟ' (LEST)-2027 ਰਾਹੀਂ ਖਾਲੀ ਸੀਟਾਂ ਭਰਨ ਲਈ ਆਨਲਾਈਨ ਰਜਿਸਟਰੇਸ਼ਨ ਪੋਰਟਲ ਸ਼ੁਰੂ ਕਰ ਦਿੱਤਾ ਗਿਆ ਹੈ। ਉਮੀਦਵਾਰ ਹੇਠਾਂ ਦਿੱਤੇ ਲਿੰਕਾਂ 'ਤੇ ਜਾ ਕੇ ਮੁਫ਼ਤ ਵਿਚ ਅਰਜ਼ੀ ਦੇ ਸਕਦੇ ਹਨ:-

**ਜਮਾਤ 9ਵੀਂ ਲਈ: https://cbseitms.nic.in/2026/nsix 9**
**ਜਮਾਤ 11ਵੀਂ ਲਈ: https://cbseitms.nic.in/2026/nsix 11**

ਆਨਲਾਈਨ ਅਰਜ਼ੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 30.09.2026 ਹੈ। ਪ੍ਰਾਸਪੈਕਟਸ ਰਜਿਸਟਰੇਸ਼ਨ ਪੋਰਟਲ 'ਤੇ ਉਪਲਬਧ ਹੈ।

**ਨਵੋਦਿਆ ਵਿਦਿਆਲਿਆ ਸਮਿਤੀ ਵੱਲੋਂ ਜਾਰੀ।**



ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**ਪੰਜਾਬ ਐਂਡ ਸਿੰਧ ਬੈਂਕ**
ਪੰਜਾਬ एण्ड सिंध बैंक (भारत सरकार का उपक्रम) **Punjab & Sind Bank** (A Govt. Of India Undertaking)
*Where service is a way of life*

## ਈ-ਨਿਲਾਮੀ ਵਿਕਰੀ ਸੂਚਨਾ

**ਜ਼ੋਨਲ ਦਫਤਰ, ਚੰਡੀਗੜ੍ਹ**
**ਚੱਲ/ਅਚੱਲ ਪ੍ਰਾਪਰਟੀ ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਜਨਤਕ ਸੂਚਨਾ**

**ਸੁਰੱਖਿਅਤ ਪ੍ਰਾਪਰਟੀ ਦੀ ਈ-ਨਿਲਾਮੀ ਦੀ ਮਿਤੀ ਤੇ ਸਮਾਂ: 08.10.2026 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ**
**ਬਿਆਨਾ ਰਕਮ ਤੇ ਦਸਤਾਵੇਜ਼ (ਆਨਲਾਈਨ) ਜਮ੍ਹਾਂ ਕਰਵਾਉਣ ਲਈ ਅੰਤਿਮ ਮਿਤੀ ਤੇ ਸਮਾਂ: 07.10.2026 ਨੂੰ ਸ਼ਾਮੀਂ 5.00 ਵਜੇ ਤੱਕ**
**ਪ੍ਰਾਪਰਟੀ ਦੇ ਨਿਰੀਖਣ ਦੀ ਮਿਤੀ: 01.10.2026 ਨੂੰ ਦੁਪਹਿਰ 12.00 ਵਜੇ ਤੋਂ ਬਾ.ਦੁਪਹਿਰ 3.00 ਵਜੇ ਤੱਕ**

**ਦੀ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਦੇ ਤਹਿਤ ਚੱਲ/ਅਚੱਲ ਅਸਾਸਿਆਂ ਦੀ ਵਿਕਰੀ।**

QR Code of Baanknet

ਜਦਕਿ ਆਮ ਜਨਤਾ ਤੇ ਖਾਸ ਤੌਰ 'ਤੇ ਕਰਜ਼ਦਾਰ, ਗਿਰਵੀਦਾਤਾ ਅਤੇ ਗਾਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਦਰਸਾਏ ਵੇਰਵੇ ਦੇ ਅਨੁਰੂਪ ਬੈਂਕ ਦੀ ਦੇਣਦਾਰੀ ਤੇ ਵਿਆਜ ਦੀ ਵਸੂਲੀ ਕਰਨ ਲਈ **"ਜਿਵੇਂ ਹੈ" "ਜਿੱਥੇ ਹੈ" ਅਤੇ "ਜਿਸ ਵੀ ਹਾਲਤ ਵਿਚ ਹੈ"** ਆਧਾਰ 'ਤੇ ਵੇਚਣ ਦੇ ਅਧਿਕਾਰ ਸਹਿਤ ਨਿਮਨ ਲੋਨ ਖਾਤੇ ਪ੍ਰਤੀ ਜਾਰੀ ਕੀਤੇ ਗਏ ਨੋਟਿਸ ਦੇ ਅਨੁਰੂਪ ਨਿਮਨ ਪ੍ਰਾਪਰਟੀ ਨੂੰ **ਪੰਜਾਬ ਐਂਡ ਸਿੰਧ ਬੈਂਕ** ਦੇ ਅਧਿਕਾਰਤ ਅਫਸਰ ਵੱਲੋਂ ਕਬਜ਼ੇ ਵਿਚ ਲੈ ਲਿਆ ਗਿਆ ਹੈ ਤੇ ਦੇਣਦਾਰੀ ਦੀ ਵਸੂਲੀ ਕਰਨ ਦਾ ਨਿਮਨਹਸਤਾਖਰੀ ਵੱਲੋਂ ਪ੍ਰਸਤਾਵ ਹੈ। ਕਰਜ਼ਦਾਰ/ਗਾਰੰਟਰ/ਗਿਰਵੀਦਾਤਾ/ਸੁਰੱਖਿਅਤ ਅਸਾਸੇ/ਦੇਣਦਾਰੀ/ਰਾਖਵੀਂ ਕੀਮਤ/ਈ-ਨਿਲਾਮੀ ਮਿਤੀ ਤੇ ਸਮਾਂ, ਬਿਆਨਾ ਰਕਮ ਤੇ ਬੋਲੀ ਵਾਧਾ ਰਕਮ ਦਾ ਵੇਰਵਾ ਨਿਮਨ ਹੈ। ਵਿਕਰੀ ਨਿਮਨਹਸਤਾਖਰੀ ਵੱਲੋਂ ਵੈੱਬ ਪੋਰਟਲ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਈ-ਨਿਲਾਮੀ ਪਲੇਟਫਾਰਮ ਦੇ ਮਾਧਿਅਮ ਰਾਹੀਂ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ ਗਾਰੰਟਰ/ਸ਼ਾਖਾ ਦਾ ਵੇਰਵਾ | ਪ੍ਰਾਪਰਟੀ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਤੇ ਉਸ ਵਿਚ ਵਰਣਤ ਬਕਾਇਆ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਅਧਿਕਾਰਤ ਅਫਸਰ ਦਾ ਨਾਂ ਤੇ ਸੰਪਰਕ ਵੇਰਵਾ |
|---|---|---|---|---|---|
| 1. | ਬੀ/ਓ ਸੈਕਟਰ-42-ਸੀ, ਚੰਡੀਗੜ੍ਹ<br>ਕਰਜ਼ਦਾਰ: 1. **ਸ੍ਰੀ ਸੁਰਿੰਦਰ ਕੁਮਾਰ**, 2. **ਸ੍ਰੀਮਤੀ ਸਨੇਹ ਲਤਾ**, ਦੋਵੇਂ ਵਾਸੀ ਮ.ਨੰ. 560, ਫੇਜ਼-IV, ਜ਼ਿਲ੍ਹਾ ਮੁਹਾਲੀ, ਗਾਰੰਟਰ: ਸ੍ਰੀ ਪਰਦੀਪ ਢਿੰਗਰਾ, ਐਸਸੀਓ ਨੰ. 2433-2434, ਸੈਕਟਰ-22ਸੀ, ਚੰਡੀਗੜ੍ਹ, ਇਥੇ ਵੀ: ਮ.ਨੰ. 2739, ਵਾਰਡ ਨੰ. 15, ਰਾਜਪੁਰਾ ਟਾਊਨ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ। | ਖਾਤਾ ਨੰ. 88/98, 89/99, ਖਸਰਾ ਨੰ. 826 (4-0), 829 (4-0) ਕਿੱਤੇ 2 ਕੁੱਲ ਮਾਪ 08 ਬਿੱਘੇ, ਕੁੱਲ ਮਾਪ 01 ਬਿਸਵਾ 05 ਬਿਸਵਾਸੀ ਦਾ 25/3200 ਹਿੱਸਾ, ਪਿੰਡ ਬਹਿਲੋਲਪੁਰ, ਹੱਦਬਸਤ ਨੰ. 23, ਤਹਿਸੀਲ ਅਤੇ ਜ਼ਿਲ੍ਹਾ ਮੁਹਾਲੀ ਵਿਖੇ ਸਥਿਤ, ਮਲਕੀਅਤ ਸ੍ਰੀਮਤੀ ਸਨੇਹ ਲਤਾ ਦੀ **(ਸਿੰਬੋਲਿਕ ਕਬਜ਼ਾ)** | **ਡਿਮਾਂਡ ਨੋਟਿਸ ਦੀ ਮਿਤੀ 12.03.2015**<br>**ਰੁ. 9,97,907.87**, 01.03.2015 ਦੇ ਅਨੁਸਾਰ ਜਮ੍ਹਾਂ ਵਿਆਜ, ਲਾਗਤ ਅਤੇ ਉਸ 'ਤੇ ਖਰਚਿਆਂ ਸਹਿਤ | **ਰੁ. 20,40,000/-**<br>**ਰੁ. 2,04,000/-**<br>**ਰੁ. 21,000/-** | ਸ੍ਰੀ ਆਦਿਤਿਆ ਮੁਦਗਲ (ਅਧਿਕਾਰਤ ਅਫਸਰ) M: 9873032330 ਅਤੇ ਸ਼ਾਖਾ ਮੋਬਾ.: 9630604048 |
| 2. | ਬੀ/ਓ ਬਲੌਂਗੀ<br>ਕਰਜਦਾਰ: **ਸ੍ਰੀ ਰਾਜਿੰਦਰ ਪ੍ਰਤਾਪ ਪੁੱਤਰ ਸ੍ਰੀ ਅਸ਼ਰਫੀ ਲਾਲ**, ਵਾਸੀ ਮ. ਨੰ. 402, ਆਜ਼ਾਦ ਕਾਲੋਨੀ, ਪਿੰਡ ਬਲੌਂਗੀ, ਜ਼ਿਲ੍ਹਾ ਮੁਹਾਲੀ, ਪੰਜਾਬ। | ਖਾਤਾ ਨੰ. 10/10, 11/11, 17/17, 20/20, ਖਸਰਾ ਨੰ. 21//22/2 (4-0) 23 (8-0), 18 (8-0), 19/1 (4-0) ਕਿੱਤੇ 04 ਕੁੱਲ ਮਾਪ 24 ਕਨਾਲ, 2/480 ਹਿੱਸਾ ਮਾਪ 02 ਮਰਲੇ, ਪਿੰਡ ਬਲੌਂਗੀ, ਤਹਿਸੀਲ ਅਤੇ ਜ਼ਿਲ੍ਹਾ ਮੁਹਾਲੀ ਵਿਖੇ ਸਥਿਤ, ਸ੍ਰੀ ਰਾਜਿੰਦਰ ਪ੍ਰਸ਼ਾਦ ਪੁੱਤਰ ਸ੍ਰੀ ਅਸ਼ਰਫੀ ਲਾਲ ਦੀ ਮਲਕੀਅਤ, ਰਜਿਸਟਰਡ ਸੇਲ ਡੀਡ ਨੰ. 1112, ਮਿਤੀ 26.05.2011 ਦੇ ਤਹਿਤ, ਸਬ-ਰਜਿਸਟਰਾਰ, ਮੁਹਾਲੀ ਕੋਲ ਰਜਿਸਟਰਡ **(ਸਿੰਬੋਲਿਕ ਕਬਜ਼ਾ)** | **ਡਿਮਾਂਡ ਨੋਟਿਸ ਦੀ ਮਿਤੀ**: 30.12.2023<br>**ਰੁ.** 11,52,271.15, 30.11.2023 ਦੇ ਅਨੁਸਾਰ ਅਤੇ ਇਸ ਸਮੇਂ ਰੁ. 11,55,901.41, 31.08.2026 ਦੇ ਅਨੁਸਾਰ (ਜਮ੍ਹਾਂ ਵਿਆਜ ਅਤੇ ਹੋਰ ਖਰਚੇ) | **ਰੁ. 11,00,000/-**<br>**ਰੁ. 1,10,000/-**<br>**ਰੁ. 11,000/-** | ਸ੍ਰੀ ਕੁਲਜਿੰਦਰ ਸਿੰਘ (ਅਧਿਕਾਰਤ ਅਫਸਰ) (ਮੋਬਾ. 9855077358 ਅਤੇ ਸ਼ਾਖਾ ਮੋਬਾ.: 9988766273 |
| 3. | ਬੀ/ਓ ਲਾਲੜੂ<br>**ਕਰਜ਼ਦਾਰ: ਮੈਸਰਜ਼ ਸੁਖਵਿੰਦਰ ਗਲਾਸ ਹਾਊਸ ਪ੍ਰੋ. ਸ੍ਰੀ ਸੁਖਵਿੰਦਰ ਸਿੰਘ ਪੁੱਤਰ ਸ੍ਰੀ ਭਗਤ ਸਿੰਘ ਅਤੇ ਗਾਰੰਟਰ ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਭਗਤ ਰਾਮ।** | 196 ਵਰਗ ਗਜ਼ ਦੀ ਜਾਇਦਾਦ ਯਾਨੀ 3 ਬਿਸਵਾ 11 ਬਿਸਵਾਸੀ, ਜੋ ਕਿ ਖਤੌਨੀ ਨੰਬਰ 41/37 ਖਸਰਾ ਨੰਬਰ 616/2 (2-19) ਕਿੱਤਾ 1 ਵਿਚ ਸ਼ਾਮਲ ਹੈ, ਜਿਸ ਵਿਚ ਕੁੱਲ 2 ਬਿੱਘੇ 19 ਬਿਸਵੇ ਦਾ 71/1180 ਹਿੱਸਾ ਹੈ, ਸਾਲ 2022-23 ਦੀ ਜਮ੍ਹਾਂਬੰਦੀ ਦੇ ਅਨੁਸਾਰ, ਪਿੰਡ ਘੋਲੂਮਾਜਰਾ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐਸਏਐਸ ਨਗਰ, ਹ.ਬ. ਨੰ. 209, ਸ੍ਰੀ ਸੁਖਵਿੰਦਰ ਸਿੰਘ ਪੁੱਤਰ ਸ੍ਰੀ ਭਗਤ ਸਿੰਘ ਦੇ ਨਾਮ 'ਤੇ ਸਥਿਤ ਹੈ। ਵਿਕਰੀ ਡੀਡ ਜਿਸ ਵਿਚ ਵਸੀਕਾ ਨੰਬਰ 3991, ਮਿਤੀ 18.08.2008 ਨੂੰ ਸਬ-ਰਜਿਸਟਰਾਰ, ਡੇਰਾਬਸੀ ਦੇ ਦਫਤਰ ਵਿਚ ਰਜਿਸਟਡ ਹੈ। **(ਸਿੰਬੋਲਿਕ ਕਬਜ਼ਾ)** | **ਡਿਮਾਂਡ ਨੋਟਿਸ ਦੀ ਮਿਤੀ 10.12.2020, 30.11.2020 ਨੂੰ 6,54,391.96 ਰੁਪਏ**, ਭਵਿੱਖੀ ਵਿਆਜ ਅਤੇ ਉਸ 'ਤੇ 01.12.2020 ਤੋਂ ਹੋਰ ਖਰਚੇ। | **ਰੁ. 14,50,000/-**<br>**ਰੁ. 1,45,000/-**<br>**ਰੁ. 15,000/-** | ਸ੍ਰੀ ਜਸਵਿੰਦਰ ਸਿੰਘ (ਅਧਿਕਾਰਤ ਅਫਸਰ) ਐਮ. 9810841055 ਅਤੇ ਬ੍ਰਾਂਚ ਐਮ. 8376901960 |

ਵਿਸਤ੍ਰਿਤ ਪ੍ਰਤੀਬੰਧ ਤੇ ਸ਼ਰਤਾਂ ਲਈ ਕਿਰਪਾ ਕਰਕੇ ਵੇਖੋ ਅਤੇ ਹਵਾਲਾ ਲਿਆ ਜਾਵੇ- **online auction portal https://baanknet.com**
*** ਰੁ. 50 ਲੱਖ ਤੋਂ ਵੱਧ ਵਿਕਰੀ ਰਕਮ 'ਤੇ ਆਮਦਨ ਕਰ ਐਕਟ ਦੇ ਅਨੁਰੂਪ ਟੀ.ਡੀ.ਐਸ. ਲਾਗੂ ਹੋਵੇਗਾ।**
ਉਕਤ ਮਿਤੀ ਨੂੰ ਈ-ਨਿਲਾਮੀ ਵਿਕਰੀ ਸੰਚਾਲਿਤ ਕਰਨ ਬਾਰੇ ਉਕਤ ਲੋਨ ਦੇ ਕਰਜ਼ਦਾਰ/ਗਾਰੰਟਰਾਂ ਲਈ ਸਿਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਅਤੇ ਰੂਲ 9(1) ਦੇ ਤਹਿਤ 30 ਦਿਨਾਂ ਦਾ ਵਿਧਾਨਕ ਨੋਟਿਸ ਸਮਝਿਆ ਜਾਵੇ।

**ਮਿਤੀ:** 03.09.2026 **ਥਾਂ: ਚੰਡੀਗੜ੍ਹ** **ਅਧਿਕਾਰਤ ਅਫਸਰ, ਪੰਜਾਬ ਐਂਡ ਸਿੰਧ ਬੈਂਕ।**


# ਪੰਜਾਬ 'ਚ ਦੋ ਪੰਥਕ ਧਿਰਾਂ ਦੀ ਭਾਜਪਾ ਨਾਲ ਗੱਠਜੋੜ ਦੀ ਚਰਚਾ

## ਸ਼੍ਰੋਮਣੀ ਅਕਾਲੀ ਦਲ, ਅਕਾਲੀ ਦਲ ਪੁਨਰ ਸੁਰਜੀਤ ਤੇ ਭਾਜਪਾ ਦਾ ਹੋ ਸਕਦੈ ਗੱਠਜੋੜ

**ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਬਾਦਲ ਬਣ ਸਕਦਾ ਹੈ ਅੜਿੱਕਾ**



**ਜਗਤਾਰ ਸਿੰਘ ਲਾਂਬਾ**
**ਅੰਮ੍ਰਿਤਸਰ, 3 ਸਤੰਬਰ**

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਆਉਣ ਕਾਰਨ ਜਿੱਥੇ ਸਿਆਸੀ ਸਰਗਰਮੀਆਂ ਵੱਧ ਰਹੀਆਂ ਹਨ, ਉਥੇ ਸਿਆਸੀ ਸਮੀਕਰਨਾਂ ਤੇ ਸਿਆਸੀ ਧਿਰਾਂ ਦੇ ਆਪਸੀ ਗੱਠਜੋੜ ਨੂੰ ਲੈ ਕੇ ਚਰਚਾ ਦਾ ਜ਼ੋਰ ਵੀ ਵਧ ਰਿਹਾ ਹੈ। ਇਸੇ ਤਹਿਤ ਹੀ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਗੱਠਜੋੜ ਦੀ ਤਾਂ ਚਰਚਾ ਚੱਲ ਹੀ ਰਹੀ ਹੈ ਪਰ ਇਸ ਦੌਰਾਨ ਇੱਕ ਹੋਰ ਚਰਚਾ ਚੱਲ ਰਹੀ ਹੈ ਕਿ ਜੇ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਗਠਜੋੜ ਹੁੰਦਾ ਹੈ ਤਾਂ ਇਸ ਵਿੱਚ ਇੱਕ ਹੋਰ ਧਿਰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੀ ਸ਼ਾਮਲ ਹੋਵੇਗਾ।

ਇਸ ਵੇਲੇ ਭਾਜਪਾ ਪੰਜਾਬ ਦੀ ਸੱਤਾ ਵਿੱਚ ਵਾਪਸ ਆਉਣ ਲਈ ਪੂਰੀ ਤਰ੍ਹਾਂ ਸਰਗਰਮ ਹੈ। ਇਸੇ ਤਹਿਤ ਭਾਜਪਾ ਨੇ ਪੰਜਾਬ ਵਿੱਚ ਆਪਣੀ ਪਛਾਣ ਨੂੰ ਵੀ ਬਦਲਿਆ ਹੈ। ਵੱਡੀ ਗਿਣਤੀ ਵਿੱਚ ਸਿੱਖ ਚਿਹਰੇ ਹੁਣ ਭਾਜਪਾ ਵਿੱਚ ਨਜ਼ਰ ਆ ਰਹੇ ਹਨ ਪਰ ਬਾਵਜੂਦ ਇਸ ਦੇ ਭਾਜਪਾ ਦੀ ਦਿਹਾਤੀ ਖੇਤਰ ਵਿੱਚ ਪਕੜ ਕਮਜ਼ੋਰ ਹੈ। ਭਾਜਪਾ ਨੂੰ ਸਤਾ ਸਥਾਪਤੀ ਵਾਸਤੇ ਅਜਿਹੇ ਗਠਜੋੜ ਦੀ ਲੋੜ ਹੈ ਜੋ ਦਿਹਾਤੀ ਖੇਤਰ ਵਿੱਚ ਵੋਟ ਬੈਂਕ ਦਾ ਆਧਾਰ ਰੱਖਦਾ ਹੋਵੇ। ਮੌਜੂਦਾ ਪ੍ਰਸਥਿਤੀਆਂ ਵਿੱਚ ਭਾਜਪਾ ਲਈ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਬਦਲ ਬਣ ਸਕਦਾ ਹੈ। ਦੋਵਾਂ ਦਾ ਪਹਿਲਾਂ ਵੀ ਕਈ ਸਾਲ ਆਪਸੀ ਗੱਠਜੋੜ ਰਹਿ ਚੁੱਕਾ ਹੈ। ਪਰ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੀ ਸ਼ਕਤੀ ਵੰਡੀ ਹੋਈ ਹੈ। ਅਜਿਹੇ ਵਿੱਚ ਜੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਗੱਠਜੋੜ ਵਿੱਚ ਸ਼ਾਮਲ ਹੁੰਦਾ ਹੈ ਤਾਂ ਮੁੜ ਗੱਠਜੋੜ ਦੀ ਤਾਕਤ ਪਹਿਲਾਂ ਵਾਂਗ ਵਧ ਸਕਦੀ ਹੈ।

ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨਾਲ ਸਬੰਧਤ ਕੁਝ ਸੂਤਰਾਂ ਵੱਲੋਂ ਇਸ ਚਰਚਾ ਦੀ ਪੁਸ਼ਟੀ ਵੀ ਕੀਤੀ ਗਈ ਹੈ। ਇਸ ਸੰਭਾਵੀ ਤਿੰਨ ਧਿਰੀ ਗੱਠਜੋੜ ਵਿੱਚ ਅੜਿੱਕਾ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਲੈ ਕੇ ਬਣਿਆ ਹੋਇਆ ਹੈ। ਪੁਨਰ ਸੁਰਜੀਤ ਨਾਲ ਸਬੰਧਤ ਕੁਝ ਆਗੂ ਇਹ ਚਾਹੁੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਪਹਿਲਾਂ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਵੇ। ਜਾਣਕਾਰੀ ਮੁਤਾਬਕ ਗੱਠਜੋੜ ਨੂੰ ਲੈ ਕੇ ਪੁਨਰ ਸੁਰਜੀਤ ਦੇ ਆਗੂ ਭਾਜਪਾ ਹਾਈ ਕਮਾਂਡ ਨੂੰ ਮਿਲ ਚੁੱਕੇ ਹਨ। ਉਨ੍ਹਾਂ ਵੱਲੋਂ ਇਸ ਸਬੰਧ ਵਿੱਚ ਕੁਝ ਸ਼ਰਤਾਂ ਵੀ ਰੱਖੀਆਂ ਗਈਆਂ ਹਨ। ਇਨ੍ਹਾਂ ਸ਼ਰਤਾਂ ਨੂੰ ਮੰਗ ਦੇ ਰੂਪ ਵਿੱਚ ਪਿਛਲੇ ਦਿਨੀ ਗਵਰਨਰ ਨੂੰ ਵੀ ਮੰਗ ਪੱਤਰ ਦਿੱਤਾ ਗਿਆ ਸੀ।

ਇਸੇ ਤਰ੍ਹਾਂ ਅਕਾਲੀ ਭਾਜਪਾ ਗੱਠਜੋੜ ਨੂੰ ਲੈ ਕੇ ਪਿਛਲੇ ਦਿਨੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਵੀ ਚਰਚਾ ਵਿੱਚ ਹੈ। ਸਾਰੀਆਂ ਧਿਰਾਂ ਇਸ ਗੱਲ 'ਤੇ ਸਹਿਮਤ ਹਨ ਕਿ ਪੰਜਾਬ ਵਿੱਚੋਂ ਆਮ ਆਦਮੀ ਪਾਰਟੀ ਨੂੰ ਸੱਤਾ ਤੋਂ ਦੂਰ ਬਾਹਰ ਕਰਨ ਵਾਸਤੇ ਮਜ਼ਬੂਤ ਗੱਠਜੋੜ ਦੀ ਲੋੜ ਹੈ। ਇਸੇ ਤਹਿਤ ਭਾਜਪਾ ਵੱਲੋਂ ਪੰਜਾਬ ਵਿੱਚ ਪੰਥਕ ਮੁੱਦਿਆਂ ਅਤੇ ਮਸਲਿਆਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ ਜਿਨ੍ਹਾਂ ਵਿੱਚ ਕਿਸਾਨ ਮਸਲੇ ਵੀ ਸ਼ਾਮਿਲ ਹਨ। ਪੰਥਕ ਮਾਮਲਿਆਂ ਵਿੱਚ ਇਸ ਵੇਲੇ ਵੱਡਾ ਮੁੱਦਾ ਬੰਦੀ ਸਿੱਖਾਂ ਦੀ ਰਿਹਾਈ ਨਾਲ ਜੁੜਿਆ ਹੋਇਆ।

## ਬਸਪਾ ਦੇ ਜਥੇਬੰਦਕ ਢਾਂਚੇ ਦੀ ਸਮੀਖਿਆ

**ਪਟਿਆਲਾ (ਖੇਤਰੀ ਪ੍ਰਤੀਨਿਧ):** ਪੰਜਾਬ ਸੰਭਾਲੋ ਮੁਹਿੰਮ ਅਤੇ ਮਿਸ਼ਨ ਬੇਗਮੁਪਰਾ ਤਹਿਤ ਇੱਥੇ ਅੱਜ ਪਾਰਟੀ ਦਫ਼ਤਰ ਵਿੱਚ ਬਸਪਾ ਦੀ ਮੀਟਿੰਗ ਦੌਰਾਨ ਜਥੇਬੰਦਕ ਢਾਂਚੇ ਦੀ ਸਮੀਖਿਆ ਕੀਤੀ ਗਈ। ਇਸ ਮੌਕੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਪਾਰਟੀ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਮਿਸ਼ਨ 2027 ਨੂੰ ਮੁੱਖ ਰੱਖਦਿਆਂ ਬਸਪਾ ਦੀ ਮਜ਼ਬੂਤੀ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਬਸਪਾ ਦੇ ਸੂਬਾ ਜਨਰਲ ਸਕੱਤਰ ਜੋਗਾ ਸਿੰਘ ਪਨੌਦੀਆਂ, ਮੀਤ ਪ੍ਰਧਾਨ ਬਲਦੇਵ ਮਹਿਰਾ, ਜ਼ਿਲ੍ਹਾ ਪ੍ਰਧਾਨ ਮੇਜਰ ਟਿੱਬੀ ਅਤੇ ਪਟਿਆਲਾ ਦਿਹਾਤੀ ਹਲਕੇ ਦੇ ਇੰਚਾਰਜ ਐਡਵੋਕੇਟ ਜਰਨੈਲ ਸਿੰਘ ਅਤੇ ਜ਼ਿਲ੍ਹਾ ਇੰਚਾਰਜ ਸੁਰਜੀਤ ਗੋਰੀਆ ਦੀ ਅਗਵਾਈ ਹੇਠਲੀ ਮੀਟਿੰਗ 'ਚ ਬਸਪਾ ਦੇ ਸੈਂਟਰਲ ਇੰਚਾਰਜ ਸੀ ਪੀ ਸਿੰਘ ਅਤੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਪੰਜਾਬ ਸੰਭਾਲੋ ਮੁਹਿੰਮ ਅਤੇ ਮਿਸ਼ਨ ਬੇਗਮਪੁਰਾ ਤਹਿਤ ਸ਼ਹਿਰਾਂ ਅਤੇ ਪਿੰਡਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ।

## ਦਿਆਲਪੁਰਾ ਦੇ ਫ਼ੌਜੀ ਦੀ ਡਿਊਟੀ ਦੌਰਾਨ ਮੌਤ

**ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ**

**ਬੁਢਲਾਡਾ (ਮਾਨਸਾ) (ਜੋਗਿੰਦਰ ਸਿੰਘ ਮਾਨ):** ਮਾਨਸਾ ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਦੇ ਫੌਜੀ ਜਗਤਾਰ ਸਿੰਘ (41) ਦੀ ਹਿਮਾਚਲ ਪ੍ਰਦੇਸ਼ ਦੇ ਊਨਾ ਵਿੱਚ ਡਿਊਟੀ ਦੌਰਾਨ ਮੌਤ ਹੋ ਗਈ। ਜਗਤਾਰ ਸਿੰਘ ਦੀ ਦੇਹ ਅੱਜ ਪਿੰਡ ਦਿਆਲਪੁਰਾ ਪਹੁੰਚੀ, ਜਿੱਥੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਪਿੰਡ ਵਾਸੀਆਂ ਅਤੇ ਇਲਾਕੇ ਦੇ ਲੋਕਾਂ ਨੇ ਨਮ ਅੱਖਾਂ ਨਾਲ ਉਨ੍ਹਾਂ ਨੂੰ ਅੰਤਿਮ ਵਿਦਾਈ ਦਿੱਤੀ। ਫ਼ੌਜੀ ਜਗਤਾਰ ਸਿੰਘ ਦੇ ਪਰਿਵਾਰ ਵਿੱਚ ਪਿੱਛੇ ਦੋ ਬੱਚੇ, ਪਤਨੀ ਅਤੇ ਮਾਤਾ-ਪਿਤਾ ਹਨ। ਫ਼ੌਜੀ ਜਵਾਨਾਂ ਵੱਲੋਂ ਦੇਹ ਨੂੰ ਸਨਮਾਨ ਸਹਿਤ ਸਲਾਮੀ ਦਿੱਤੀ ਗਈ। ਇਸ ਉਪਰੰਤ ਜਗਤਾਰ ਸਿੰਘ ਦਾ ਅੰਤਿਮ ਸੰਸਕਾਰ ਕੀਤਾ ਗਿਆ। ਹਲਕਾ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਵੀ ਪਿੰਡ ਦਿਆਲਪੁਰਾ ਪਹੁੰਚੇ ਅਤੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਨਾਬਾਲਗ ਨਾਲ ਜਬਰ ਜਨਾਹ ਮਾਮਲੇ ਦਾ ਕੌਮੀ ਮਹਿਲਾ ਕਮਿਸ਼ਨ ਵੱਲੋਂ ਨੋਟਿਸ

**ਹਰਪ੍ਰੀਤ ਕੌਰ**
**ਹੁਸ਼ਿਆਰਪੁਰ, 3 ਸਤੰਬਰ**

ਇਥੇ ਸਰਕਾਰੀ ਸਕੂਲ ਦੀ 12 ਸਾਲਾ ਵਿਦਿਆਰਥਣ ਨਾਲ ਸਕੂਲ ਦੇ ਹੈੱਡਮਾਸਟਰ ਵੱਲੋਂ ਕੀਤੇ ਕਥਿਤ ਜਬਰ ਜਨਾਹ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਕੌਮੀ ਮਹਿਲਾ ਕਮਿਸ਼ਨ ਨੇ ਸਬੰਧਤ ਅਧਿਕਾਰੀਆਂ ਨੂੰ ਜਾਂਚ ਤੇਜ਼ ਕਰਨ ਅਤੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਬੀਤੀ 11 ਅਗਸਤ ਨੂੰ 52 ਸਾਲਾ ਹੈੱਡਮਾਸਟਰ ਨੇ ਵਿਦਿਆਰਥਣ ਨਾਲ ਜ਼ਬਰਦਸਤੀ ਕੀਤੀ ਸੀ। ਘਟਨਾ ਤੋਂ ਲਗਭਗ ਦੋ ਹਫ਼ਤੇ ਬਾਅਦ ਸ਼ਿਕਾਇਤ ਮਿਲਣ 'ਤੇ ਹੈੱਡਮਾਸਟਰ ਨੂੰ ਹਰਿਆਣਾ ਪੁਲੀਸ ਨੇ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਸੀ। ਮੁਲਜ਼ਮ ਇਸ ਵੇਲੇ ਨਿਆਂਇਕ ਹਿਰਾਸਤ ਵਿੱਚ ਹੈ, ਜਦੋਂਕਿ ਪੀੜਤਾ ਦਾ ਇਲਾਜ ਹਸਪਤਾਲ 'ਚ ਚੱਲ ਰਿਹਾ ਹੈ।

ਮਹਿਲਾ ਕਮਿਸ਼ਨ ਨੇ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਮੁਲਜ਼ਮ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਲਈ ਆਖਿਆ ਹੈ। ਕਮਿਸ਼ਨ ਦੀ ਚੇਅਰਪਰਸਨ ਵਿਜਿਯ ਰਾਹਤਕਰ ਨੇ ਸਬੰਧਤ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਪੂਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਹਦਾਇਤ ਕੀਤੀ ਹੈ। ਕਮਿਸ਼ਨ ਨੇ ਕਾਨੂੰਨੀ ਧਾਰਾਵਾਂ ਨੂੰ ਵੀ ਪੂਰੀ ਤਰਾਂ ਲਾਗੂ ਕਰਨ ਅਤੇ ਮੁਲਜ਼ਮ ਦੇ ਪਿਛੋਕੜ ਦੀ ਵੀ ਜਾਂਚ ਕਰਨ ਲਈ ਆਖਿਆ ਹੈ। ਇਸ ਦੇ ਨਾਲ ਹੀ ਕਮਿਸ਼ਨ ਨੇ ਪੀੜਤਾ ਲਈ ਵਿਸ਼ੇਸ਼ ਮੈਡੀਕਲ ਅਤੇ ਕਾਨੂੰਨੀ ਸਹਾਇਤਾ ਨੂੰ ਯਕੀਨ ਬਣਾਉਣ ਅਤੇ ਤੁਰੰਤ ਮੁਆਵਜ਼ਾ ਦੇਣ ਲਈ ਵੀ ਕਿਹਾ ਹੈ। ਪੀੜਤ ਪਰਿਵਾਰ ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਮੁਲਜ਼ਮ ਕਾਫ਼ੀ ਦੇਰ ਤੋਂ ਉਨ੍ਹਾਂ ਦੀ ਬੱਚੀ ਨੂੰ ਪ੍ਰੇਸ਼ਾਨ ਕਰ ਰਿਹਾ ਸੀ ਪਰ ਡਰ ਦੇ ਮਾਰੇ ਉਹ ਚੁੱਪ ਰਹੀ। 11 ਤਰੀਕ ਦੀ ਘਟਨਾ ਤੋਂ ਬਾਅਦ ਲੜਕੀ ਨੇ ਪੂਰੀ ਹਕੀਕਤ ਬਿਆਨ ਕੀਤੀ।

## ਆਲਮੀ ਅਰਥਵਿਵਸਥਾਵਾਂ ਨੂੰ ਭਾਰਤ ਨੇ ਪਿੱਛੇ ਛੱਡਿਆ: ਢਿੱਲੋਂ

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 3 ਸਤੰਬਰ**

ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਭਾਰਤ ਦੀ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੋਗ, ਦੂਰਦਰਸ਼ੀ ਅਤੇ ਮਜ਼ਬੂਤ ਅਗਵਾਈ ਦਾ ਨਤੀਜਾ ਕਰਾਰ ਦਿੰਦਿਆਂ ਕਿਹਾ ਕਿ ਅੱਜ ਜਦੋਂ ਦੁਨੀਆ ਦੇ ਕਈ ਦੇਸ਼ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ, ਉਸ ਸਮੇਂ ਭਾਰਤ ਲਗਾਤਾਰ ਤੇਜ਼ ਆਰਥਿਕ ਵਿਕਾਸ ਦੀ ਰਾਹ 'ਤੇ ਅੱਗੇ ਵਧ ਰਿਹਾ ਹੈ। ਪਹਿਲੀ ਤਿਮਾਹੀ ਵਿੱਚ ਭਾਰਤ ਦੀ ਜੀ ਡੀ ਪੀ 7.8 ਫ਼ੀਸਦੀ ਰਹਿਣਾ ਦੇਸ਼ ਦੀ ਮਜ਼ਬੂਤ ਅਤੇ ਗਤੀਸ਼ੀਲ ਅਰਥਵਿਵਸਥਾ ਦਾ ਸਪੱਸ਼ਟ ਪ੍ਰਮਾਣ ਹੈ। ਭਾਰਤ ਦੀ ਤੇਜ਼ ਆਰਥਿਕ ਤਰੱਕੀ ਇਹ ਸਾਬਤ ਕਰ ਰਹੀ ਹੈ ਕਿ ਸਹੀ ਨੀਤੀਆਂ, ਮਜ਼ਬੂਤ ਲੀਡਰਸ਼ਿਪ ਅਤੇ ਲੋਕਾਂ ਦੀ ਭਾਗੀਦਾਰੀ ਨਾਲ ਭਾਰਤ 2047 ਤੱਕ ਪੂਰੀ ਤਰ੍ਹਾਂ ਵਿਕਸਤ ਅਤੇ ਆਤਮ-ਨਿਰਭਰ ਰਾਸ਼ਟਰ ਬਣਨ ਦਾ ਟੀਚਾ ਹਾਸਲ ਕਰ ਸਕਦਾ ਹੈ।

# ਪਠਾਣਮਾਜਰਾ ਹੁਣ ਸੋਲਰ ਪ੍ਰਾਜੈਕਟ ਵਿਵਾਦ 'ਚ ਘਿਰਿਆ

## ਵਿਧਾਇਕ ਤੇ ਸੋਲਰ ਲਗਾਉਣ ਵਾਲੇ ਦੀ ਆਡੀਓ ਰਿਕਾਰਡਿੰਗ ਵਾਇਰਲ

**ਵੀਹ ਕਿੱਲੋ ਵਾਟ ਦੀ ਸਮਰੱਥਾ ਦਾ ਲਗਾਇਆ ਸੀ ਸੋਲਰ ਪ੍ਰਾਜੈਕਟ**

**ਸੁਰਿੰਦਰ ਸਿੰਘ ਚੌਹਾਨ**
**ਦੇਵੀਗੜ੍ਹ, 3 ਸਤੰਬਰ**

ਹਲਕਾ ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਮੁੜ ਚਰਚਾ ਹੈ। ਉਸ ਦੇ ਘਰ ਲਗਾਏ ਸੋਲਰ ਸਿਸਟਮ ਕਾਰਨ ਨਵਾਂ ਵਿਵਾਦ ਪੈਦਾ ਹੋਇਆ ਹੈ। ਪਠਾਣਮਾਜਰਾ ਨੇ ਆਪਣੇ ਘਰ ਵੀਹ ਕਿੱਲੋ ਵਾਟ ਦੀ ਸਮਰੱਥਾ ਵਾਲਾ ਸੋਲਰ ਪ੍ਰਾਜੈਕਟ ਕਰੀਬ ਦੋ ਸਾਲ ਪਹਿਲਾਂ ਲਗਵਾਇਆ ਸੀ। ਵਿਧਾਇਕ ਦਾ ਦੋਸ਼ ਹੈ ਕਿ ਉਸ ਦੇ ਘਰ ਲੱਗਾ ਸੋਲਰ ਊਰਜਾ ਪਲਾਂਟ ਸਹੀ ਕੰਮ ਨਹੀਂ ਕਰ ਰਿਹਾ, ਜਿਸ ਕਾਰਨ ਸੋਲਰ ਪ੍ਰਾਜੈਕਟ ਲਗਵਾਉਣ ਵਾਲੇ ਅਤੇ ਵਿਧਾਇਕ ਵਿੱਚ ਪੈਸਿਆਂ ਦੇ ਲੈਣ ਦੇਣ ਦਾ ਵਿਵਾਦ ਵੱਧਦਾ ਜਾ ਰਿਹਾ ਹੈ। ਵਿਧਾਇਕ ਅਤੇ ਸੋਲਰ ਲਗਾਉਣ ਵਾਲੇ ਦੀਆਂ ਸੋਲਰ ਪ੍ਰਾਜੈਕਟ ਸਬੰਧੀ ਆਡੀਓ ਸਾਹਮਣੇ ਆਈਆਂ ਹਨ, ਜਿਸ ਵਿੱਚ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਸੋਲਰ ਪ੍ਰੋਜੈਕਟ ਲਗਵਾਉਣ ਵਾਲੇ ਨੂੰ 14 ਲੱਖ ਰੁਪਏ ਦਿੱਤੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਸੋਲਰ ਸਿਸਟਮ ਉਤਾਰਕੇ ਲਿਜਾਣ ਅਤੇ ਪੈਸੇ ਵਾਪਸ ਮੋੜਨ ਦੀ ਗੱਲ ਕੀਤੀ ਜਾ ਰਹੀ ਹੈ, ਜਦੋਂ ਕਿ ਸੋਲਰ ਲਗਾਉਣ ਵਾਲੇ ਵੱਲੋਂ ਪੈਸੇ ਨਾ ਮਿਲਣ ਬਾਰੇ ਕਿਹਾ ਜਾ ਰਿਹਾ ਹੈ।

### ਸੋਲਰ ਪ੍ਰਾਜੈਕਟ ਸਹੀ ਕੰਮ ਨਹੀਂ ਕਰ ਰਿਹਾ: ਪਠਾਣਮਾਜਰਾ



ਸੋਲਰ ਵਿਵਾਦ ਸਬੰਧੀ ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਡੇਢ ਸਾਲ ਪਹਿਲਾਂ ਵੀਹ ਕਿਲੋ ਵਾਟ ਦਾ ਸੋਲਰ ਸਿਸਟਮ ਲਗਵਾਇਆ ਸੀ, ਜੋ ਸਹੀ ਨਹੀਂ ਚੱਲ ਰਿਹਾ। ਉਸ ਨੇ 14 ਲੱਖ ਰੁਪਏ ਦਿੱਤੇ ਹਨ। ਉਸ ਨੇ ਸੋਲਰ ਪ੍ਰਾਜੈਕਟ ਲਗਵਾਉਣ ਵਾਲੇ ਨੂੰ ਸਾਮਾਨ ਉਤਾਰ ਕੇ ਪੈਸੇ ਵਾਪਸ ਦੇਣ ਲਈ ਕਿਹਾ ਹੈ। ਸੋਲਰ ਲੱਗਣ ਦੇ ਬਾਵਜੂਦ ਉਸ ਨੂੰ ਲੱਖ ਰੁਪਏ ਬਿਜਲੀ ਬਿੱਲ ਆ ਰਿਹਾ ਹੈ। ਉਸ ਨੇ ਕਿਸੇ ਨਾਲ ਕੋਈ ਦੁਰਵਿਹਾਰ ਨਹੀਂ ਕੀਤਾ ਨਾ ਕਿਸੇ ਨੂੰ ਕੋਈ ਧਮਕੀ ਦਿੱਤੀ ਹੈ।

### ਸੋਲਰ ਸਿਸਟਮ ਬਿਲਕੁਲ ਸਹੀ: ਸੰਦੀਪ ਗਰਗ

ਸੋਲਰ ਪ੍ਰਾਜੈਕਟ ਲਗਾਉਣ ਵਾਲੇ ਸੰਦੀਪ ਗਰਗ ਨੇ ਕਿਹਾ ਕਿ ਉਨ੍ਹਾਂ ਨੂੰ ਪ੍ਰਾਜੈਕਟ ਲਗਾਉਣ ਤੋਂ ਬਾਅਦ ਕੋਈ ਪੈਸਾ ਨਹੀਂ ਦਿੱਤਾ ਗਿਆ। ਉਨ੍ਹਾਂ ਵੱਲੋਂ ਵਿਧਾਇਕ ਦੇ ਘਰ ਲਗਾਇਆ ਸੋਲਰ ਪ੍ਰਾਜੈਕਟ ਸਹੀ ਕੰਮ ਕਰ ਰਿਹਾ ਹੈ। ਜਦੋਂ ਉਹ ਪੈਸੇ ਮੰਗਦੇ ਹਨ ਤਾਂ ਉਨ੍ਹਾਂ ਨਾਲ ਗਲਤ ਵਿਵਹਾਰ ਅਤੇ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਸਮਾਨ ਉਤਾਰਨ ਵੀ ਨਹੀਂ ਦਿੱਤਾ ਜਾ ਰਿਹਾ। ਪੈਸੇ ਨਾ ਦੇਣ ਦੀ ਮਨਸ਼ਾ ਨਾਲ ਪ੍ਰਾਜੈਕਟ ਨੂੰ ਖਰਾਬ ਦੱਸਿਆ ਜਾ ਰਿਹਾ ਹੈ।

## ਗਾਇਕ ਬਲਜੀਤ ਸਿੰਘ ਦੀ ਘਰ ਵਿੱਚੋਂ ਲਾਸ਼ ਮਿਲੀ



**ਪੁਲੀਸ ਵੱਲੋਂ ਜਾਂਚ ਸ਼ੁਰੂ**

**ਗੁਰੂਸਰ ਸੁਧਾਰ (ਸੰਤੋਖ ਗਿੱਲ):** ਥਾਣਾ ਸੁਧਾਰ ਅਧੀਨ ਪੱਤੀ ਧਾਲੀਵਾਲ ਵਿੱਚ ਅੱਜ ਸਵੇਰੇ ਗਾਇਕ ਤੇ ਗੀਤਕਾਰ ਬਲਜੀਤ ਸਿੰਘ ਦੀ ਕਈ ਦਿਨ ਪੁਰਾਣੀ ਸੜੀ ਲਾਸ਼ ਉਸ ਦੇ ਘਰ ਅੰਦਰ ਬੈੱਡ 'ਤੇ ਪਈ ਮਿਲੀ। ਉਹ ਚਾਰ-ਪੰਜ ਦਿਨਾਂ ਤੋਂ ਲਾਪਤਾ ਸੀ। ਘਰ ਦੇ ਕਮਰੇ ਸਮੇਤ ਹੋਰ ਥਾਵਾਂ 'ਤੇ ਖੂਨ ਦੇ ਨਿਸ਼ਾਨ ਮਿਲਣ ਕਾਰਨ ਪੁਲੀਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕਤਲ ਸਮੇਤ ਵੱਖ-ਵੱਖ ਪਹਿਲੂਆਂ ਤੋਂ ਜਾਂਚ ਸ਼ੁਰੂ ਕਰ ਦਿੱਤੀ ਹੈ। ਬਲਜੀਤ ਸਿੰਘ ਆਪਣੇ ਘਰ ਵਿੱਚ ਇਕੱਲਾ ਰਹਿੰਦਾ ਸੀ। ਕੁਝ ਦਿਨਾਂ ਤੋਂ ਉਸ ਨਾਲ ਪਰਿਵਾਰਕ ਮੈਂਬਰਾਂ ਦਾ ਸੰਪਰਕ ਨਹੀਂ ਸੀ ਹੋ ਰਿਹਾ। ਅੱਜ ਸਵੇਰੇ ਜਦੋਂ ਪਰਿਵਾਰਕ ਮੈਂਬਰ ਘਰ ਪੁੱਜੇ ਤਾਂ ਅੰਦਰ ਬੈੱਡ 'ਤੇ ਉਸ ਦੀ ਲਾਸ਼ ਪਈ ਮਿਲੀ। ਲਾਸ਼ ਕਈ ਦਿਨ ਪੁਰਾਣੀ ਹੋਣ ਕਾਰਨ ਸੜਨ ਲੱਗ ਪਈ ਸੀ। ਪਰਿਵਾਰ ਮੁਤਾਬਕ ਕਮਰੇ ਅਤੇ ਘਰ ਦੇ ਅੰਦਰ ਕਈ ਥਾਵਾਂ 'ਤੇ ਖੂਨ ਫੈਲਿਆ ਹੋਇਆ ਸੀ, ਜੋ ਸੁੱਕ ਚੁੱਕਾ ਸੀ। ਥਾਣਾ ਸੁਧਾਰ ਦੇ ਇੰਚਾਰਜ ਕੁਲਵਿੰਦਰ ਸਿੰਘ ਨੇ ਪੁਲੀਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਕੇ ਜਾਂਚ ਸ਼ੁਰੂ ਕਰ ਦਿੱਤੀ।

## ਨੀਟ ਪਾਸ ਵਿਦਿਆਰਥੀਆਂ ਦੀ ਫੀਸ ਭਰੇਗੀ ਬਾਬਾ ਫ਼ਰੀਦ ਸੁਸਾਇਟੀ

**ਫਰੀਦਕੋਟ (ਨਿੱਜੀ ਪੱਤਰ ਪ੍ਰੇਰਕ):** ਫਰੀਦਕੋਟ ਦੀ ਬਾਬਾ ਫ਼ਰੀਦ ਧਾਰਮਿਕ ਸੁਸਾਇਟੀ ਨੇ ਫ਼ੈਸਲਾ ਕੀਤਾ ਹੈ ਕਿ ਨੀਟ ਪਾਸ ਵਿਦਿਆਰਥੀ, ਜਿਨ੍ਹਾਂ ਨੂੰ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਦਾਖ਼ਲਾ ਮਿਲ ਗਿਆ ਹੈ, ਦੇ ਸੁਪਨੇ ਹੁਣ ਫੀਸ ਖੁਣੋਂ ਢਹਿ-ਢੇਰੀ ਨਹੀਂ ਹੋਣ ਦਿੱਤੇ ਜਾਣਗੇ। ਸੁਸਾਇਟੀ ਦੇ ਨੁਮਾਇੰਦੇ ਗੁਰਜਾਪ ਸਿੰਘ ਸੇਖੋਂ ਅਤੇ ਸੁਰਿੰਦਰ ਸਿੰਘ ਰੋਮਾਣਾ ਨੇ ਦੱਸਿਆ ਕਿ ਪੰਜਾਬੀ ਟ੍ਰਿਬਿਊਨ ਨੇ ਮੰਗਲਵਾਰ ਨੂੰ ਨੀਟ ਪਾਸ ਵਿਦਿਆਰਥੀਆਂ ਦੇ ਡਾਕਟਰ ਬਣਨ ਦੇ ਸੁਪਨੇ 'ਚ ਫੀਸ ਦੇ ਅੜਿੱਕਾ ਬਣਨ ਬਾਰੇ ਖ਼ਬਰ ਛਾਪੀ ਸੀ। ਜਿਹੜੇ ਵਿਦਿਆਰਥੀਆਂ ਦਾ ਦਾਖ਼ਲਾ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਹੋਇਆ ਹੈ, ਉਨ੍ਹਾਂ ਦੀ ਸਿਰਫ ਦਾਖ਼ਲਾ ਫੀਸ ਸੁਸਾਇਟੀ ਵੱਲੋਂ ਦਿੱਤੀ ਜਾਵੇਗੀ। ਇਹ ਫ਼ੈਸਲਾ ਸੁਸਾਇਟੀ ਦੇ ਚੇਅਰਮੈਨ ਸਿਮਰਜੀਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ ਹੈ।

# ਕਾਮਰੇਡ ਅਜਮੇਰ ਸਿੰਘ ਸਮਰਾ ਦਾ ਸਸਕਾਰ

**ਵੱਡੀ ਗਿਣਤੀ ਲੋਕਾਂ ਨੇ ਦਿੱਤੀ ਵਿਦਾਇਗੀ**

**ਪੱਤਰ ਪ੍ਰੇਰਕ**
**ਜਲੰਧਰ, 3 ਸਤੰਬਰ**



ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ ਸਮਰਾ ਦਾ ਅੱਜ ਉਨ੍ਹਾਂ ਦੇ ਪਿੰਡ ਸਮਰਾਏ ਦੇ ਸ਼ਮਸ਼ਾਨਘਾਟ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ। ਉਹ ਬਿਮਾਰੀ ਨਾਲ ਜੂਝਦਿਆਂ 1-2 ਸਤੰਬਰ ਦੀ ਦਰਮਿਆਨੀ ਰਾਤ ਸਦੀਵੀਂ ਵਿਛੋੜਾ ਦੇ ਗਏ ਸਨ। ਪਾਰਟੀ ਦੇ ਸੂਬਾ ਆਗੂ ਕੁਲਵਿੰਦਰ ਸਿੰਘ ਵੜੈਚ ਅਤੇ ਗੁਰਮੁੱਖ ਸਿੰਘ ਨੇ ਦੱਸਿਆ ਕਿ 8 ਸਤੰਬਰ ਨੂੰ ਸਮਰਾਏ ਵਿਖੇ ਕਾਮਰੇਡ ਅਜਮੇਰ ਸਿੰਘ ਸਮਰਾ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ। ਇਸ ਮੌਕੇ ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕ੍ਰੇਸੀ ਦੇ ਕੌਮੀ ਆਗੂ ਕਾਮਰੇਡ ਵਾਈ ਕੇ, ਆਰ ਐੱਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕ੍ਰੇਸੀ ਦੇ ਸੂਬਾਈ ਆਗੂ ਕਾਮਰੇਡ ਕੁਲਵਿੰਦਰ ਸਿੰਘ ਵੜੈਚ, ਤਰਸੇਮ ਪੀਟਰ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ,ਸੁਰਖ਼ ਲੀਹ ਦੇ ਸੰਪਾਦਕ ਜਸਪਾਲ ਜੱਸੀ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਆਗੂ ਨਰਭਿੰਦਰ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਸੰਯੁਕਤ ਕਿਸਾਨ ਮੋਰਚਾ ਦੇ ਆਗੂ ਰਾਮਿੰਦਰ ਸਿੰਘ ਪਟਿਆਲਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਪ੍ਰਧਾਨ ਜਰਮਨਜੀਤ ਸਿੰਘ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਕਸ਼ਮੀਰ ਸਿੰਘ ਘੁੱਗਸ਼ੋਰ, ਨੌਜਵਾਨ ਭਾਰਤ ਸਭਾ ਦੇ ਪ੍ਰਧਾਨ ਮੰਗਾ ਆਜ਼ਾਦ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸੁਰਿੰਦਰ ਕੁਮਾਰੀ ਕੋਛੜ ਨੇ ਸ਼ਰਧਾਂਜਲੀ ਭੇਟ ਕੀਤੀ।